Punjabi

# ਰਿਡੋਰ

## ਦੀ ਵਿਆਖਿਆ

ਸੱਟ-ਪੇਟ, ਬੀਮਾਰੀਆਂ ਅਤੇ
ਖਤਰਨਾਕ ਘਟਨਾਵਾਂ ਰੀਪੋਰਟ ਕਰਨ ਲਈ ਰੈਗੂਲੇਸ਼ਨਜ

# RIDDOR

## Explained

**REPORTING of INJURIES, DISEASES and DANGEROUS OCCURRENCES REGULATIONS**

## ਰਿਡੋਰ ਕੀ ਹੈ? What is RIDDOR?

ਇਸਦਾ ਅਰਥ ਹੈ ਰੀਪੋਰਟਿੰਗ ਔਫ ਇੰਜਰੀਜ, ਡਸੀਜੀਜ ਐਂਡ ਡੇਂਜਰੱਸ ਅਕੱਰੰਸਿਜ ਰੈਗੂਲੇਸ਼ਨਜ 1995 ਕਈ ਵਾਰ ਇਸਨੂੰ ਰਿਡੋਰ 95 ਜਾਂ ਰਿਡੋਰ ਦੇ ਛੋਟੇ ਨਾਮ ਨਾਲ ਜਾਣਿਆ ਜਾਂਦਾ ਹੈ, ਇਹ ਰੈਗੂਲੇਸ਼ਨਾਂ 1 ਅਪ੍ਰੈਲ 1996 ਤੋਂ ਲਾਗੂ ਹੋਈਆਂ ਹਨ।

## ਮੈਨੂੰ ਰਿਡੋਰ ਵਾਰੇ ਜਾਨਣ ਦੀ ਲੋੜ ਕਿਉਂ ਹੈ? Why do I need ro know about RIDDOR?

ਜੇ ਤੁਸੀਂ ਇਕ ਇੰਪਲਾਯਰ, ਸੈਲਫ ਇੰਪਲਾਇਡ ਹੋ ਜਾਂ ਕਿਸੇ ਕੰਮ ਵਾਲੇ ਸਥਾਨ ਦਾ ਕੰਟ੍ਰੋਲ ਤੁਹਾਡੇ ਕੋਲ ਹੈ ਤਾਂ ਰਿਡੋਰ ਅਧੀਨ ਤੁਹਾਡੀਆਂ ਕੁੱਝ ਜ਼ਿਮੇਵਾਰੀਆਂ ਹਨ।

ਰੀਡੋਰ ਤਹਿਤ ਤੁਹਾਨੂੰ ਕੰਮ ਨਾਲ ਸਬੰਧਤ ਕੁੱਝ ਹਾਦਸੇ, ਬਿਮਾਰੀਆਂ ਅਤੇ ਖਤਰਨਾਕ ਘਟਨਾਵਾਂ ਰੀਪੋਰਟ ਕਰਨੀਆਂ ਹੋਣਗੀਆਂ। ਇਹ ਸੱਭ ਕੰਮ ਸਰਗਰਮੀਆਂ ਤੇ ਲਾਗੂ ਹੁੰਦਾ ਹੈ।

## ਮੈਨੂੰ ਕੀ ਕਰਨ ਦੀ ਲੋੜ ਹੈ? What do I need to do?

ਬਹੁਤਾ ਕੁੱਝ ਨਹੀਂ! ਬਹੁਤ ਸਾਰੇ ਕਰੋਬਾਰਾਂ ਵਿਚ ਰੀਪੋਰਟ ਕਰਨ ਯੋਗ ਹਾਦਸਾ, ਖਤਰਨਾਕ ਘਟਨਾ ਜਾਂ ਬੀਮਾਰੀ ਦਾ ਕੇਸ ਬਹੁਤ ਹੀ ਘੱਟ ਹੁੰਦਾ ਹੈ। ਇਸ ਪਰਚੇ ਨੂੰ ਪੜ੍ਹਨ ਲਈ ਪੰਜ ਮਿੰਟ ਕੱਢਣ ਦੀ ਕ੍ਰਿਪਾਲਤਾ ਕਰੋ ਤੇ ਫਿਰ ਸਾਂਭ ਕੇ ਰੱਖ ਲਵੋ ਤਾਂਕਿ ਜੇ ਕਦੀ ਤੁਹਾਨੂੰ ਰੀਪੋਰਟ ਕਰਨ ਦੀ ਲੋੜ ਪਵੇ ਤਾਂ ਤੁਹਾਨੂੰ ਪਤਾ ਹੋਵੇ ਕਿ ਕੀ ਕਰਨਾ ਹੈ।

## ਮੈਨੂੰ ਰੀਪੋਰਟ ਕਿਉਂ ਕਰਨੀ ਚਾਹੀਦੀ ਹੈ? Why should I report?

ਕੰਮ ਤੇ ਹਾਦਸਿਆਂ ਅਤੇ ਖਰਾਬ ਸੇਹਤ ਦੀ ਰੀਪੋਰਟ ਕਰਨੀ ਕਨੂੰਨੀ ਜ਼ਿੰਮੇਵਾਰੀ ਹੈ। ਇਸ ਜਾਣਕਾਰੀ ਨਾਲ ਹੈਲਥ ਐਂਡ ਸੇਫਟੀ ਅਗਜ਼ੈਕਟਿਵ (ਐਚਐਸਈ) ਅਤੇ ਲੋਕਲ ਅਥਾਰਟੀਆਂ (ਜਿਨ੍ਹਾਂ ਨੂੰ 'ਇ*ਨਫੋਰਸਿੰਗ' ਅਥਾਰਟੀਆਂ* ਕਿਹਾ ਜਾਂਦਾ ਹੈ) ਇਸ ਗੱਲ ਦੀ ਸ਼ਨਾਖਤ ਕਿ ਖਤਰੇ ਕਿੱਥੋਂ ਅਤੇ ਕਿਵੇਂ ਪੈਦਾ ਹੁੰਦੇ ਹਨ ਅਤੇ ਗੰਭੀਰ ਹਾਦਸਿਆਂ ਦੀ ਛਾਣਬੀਣ ਕਰਨ ਯੋਗ ਹੋ ਜਾਂਦੀਆਂ ਹਨ। ਫਿਰ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ ਅਤੇ ਸਲਾਹ ਦੇ ਸਕਦੇ ਹਾਂ ਕਿ ਸੱਟ-ਪੇਟ, ਸੇਹਤ ਖਰਾਬੀ ਅਤੇ ਹਾਦਸਿਆਂ ਨਾਲ ਨੁਕਸਾਨ ਨੂੰ ਕਿਵੇਂ ਘੱਟ ਕਰਨਾ ਹੈ।

## ਮੈਨੂੰ ਰੀਪੋਰਟ ਕਰਨ ਦੀ ਕਦੋਂ ਲੋੜ ਹੈ? When do I need to make a report?

### ਮੌਤ ਜਾਂ ਵੱਡੀ ਸੱਟ-ਪੇਟ

ਜੇ ਕੰਮ ਨਾਲ ਸਬੰਧਤ ਹਾਦਸਾ ਹੋਵੇ ਅਤੇ:

- ਜੇ ਤੁਹਾਡਾ ਕੋਈ ਕਰਮਚਾਰੀ ਜਾਂ ਤੁਹਾਡੇ ਸਥਾਨ ਤੇ ਕੰਮ ਕਰਨ ਵਾਲਾ ਕੋਈ ਸੈਲਫ ਇੰਪਲਾਇਡ ਵਿਅਕਤੀ ਮਾਰਿਆ ਜਾਵੇ ਜਾਂ ਉਸਦੇ ਕੋਈ ਵੱਡੀ ਸੱਟ-ਪੇਟ ਲੱਗ ਜਾਵੇ (ਸਮੇਤ ਸਰੀਰਕ ਹਿੰਸਾ ਦੇ ਨਤੀਜੇ ਕਾਰਨ); ਜਾਂ

- ਕਿਸੇ ਜਨਤਕ ਮੈਂਬਰ ਦੀ ਮੌਤ ਹੋ ਜਾਵੇ ਜਾਂ ਉਸਨੂੰ ਹਸਪਤਾਲ ਲੈ ਜਾਣਾ ਪਵੇ;

- ਤੁਹਾਨੂੰ ਬਿਨਾ ਕਿਸੇ ਦੇਰੀ ਦੇ ਇਨਫੋਰਸਿੰਗ ਅਥਾਰਟੀ ਨੂੰ ਦੱਸਣਾ ਜ਼ਰੂਰੀ ਹੈ (ਟੈਲੀਫੋਨ ਰਾਹੀਂ)। ਉਹ ਤੁਹਾਡੇ ਕਾਰੋਬਾਰ, ਜ਼ਖਮੀ ਹੋਏ ਵਿਅਕਤੀ ਅਤੇ ਹਾਦਸੇ ਵਾਰੇ ਸੰਖੇਪ ਵੇਰਵਾ ਪੁੱਛਣਗੇ; ਅਤੇ

- ਇਸ ਤੋਂ ਬਾਅਦ ਦਸ ਦਿਨ ਦੇ ਅੰਦਰ ਤੁਹਾਡੇ ਲਈ ਐਕਸੀਡੈਂਟ ਰੀਪੋਰਟ ਫਾਰਮ (ਐਫ2508) ਮੁਕੰਮਲ ਕਰਨਾ ਜ਼ਰੂਰੀ ਹੈ। ਪਰ ਅਪ੍ਰੈਲ 2001 ਤੋਂ ਰੀਪੋਰਟ ਕਰਨ ਦੇ ਨਵੇਂ ਤਰੀਕਿਆਂ ਵਾਰੇ ਸਫਾ 4 ਉਤੇ 'ਮੈਂ ਰੀਪੋਰਟ ਕਿਸ ਕੋਲ ਕਰਾਂ?' ਦੇਖੋ। ਇਸ ਪਰਚੇ ਵਿਚ ਇਕ ਫਾਰਮ ਸ਼ਾਮਲ ਕੀਤਾ ਹੋਇਆ ਹੈ ਜਿਸਦੀ ਤੁਸੀਂ ਕਾਪੀ ਕਰ ਸਕਦੇ ਹੋ।

ਵੱਡੀਆਂ ਸੱਟ-ਪੇਟਾਂ ਦੀ ਪ੍ਰੀਭਾਸ਼ਾ ਵਾਸਤੇ ਸਫਾ 6 ਦੇਖੋ।

### ਤਿੰਨ ਦਿਨ ਤੋਂ ਲੰਮੇਰੀ ਸੱਟ-ਪੇਟ

- ਜੇ ਕੰਮ ਨਾਲ ਸਬੰਧਤ (ਸਰੀਰਕ ਹਿੰਸਾ ਦੀ ਕਾਰਵਾਈ ਸਮੇਤ) ਹਾਦਸਾ ਹੋ ਜਾਂਦਾ ਹੈ ਅਤੇ ਤੁਹਾਡੇ ਕਿਸੇ ਕਰਮਚਾਰੀ ਜਾਂ ਤੁਹਾਡੇ ਸਥਾਨ ਤੇ ਕੰਮ ਕਰਨ ਵਾਲੇ ਕਿਸੇ ਸੈਲਫ ਇੰਪਲਾਇਡ ਵਿਅਕਤੀ ਦੇ ਤਿੰਨ ਦਿਨ ਤੋਂ ਲੰਮੇਰੀ ਸੱਟ-ਪੇਟ ਲੱਗ ਜਾਂਦੀ ਹੈ ਤਾਂ ਤੁਹਾਡੇ ਲਈ ਦਸ ਦਿਨਾਂ ਦੇ ਅੰਦਰ ਮੁਕੰਮਲ ਕੀਤਾ ਹੋਇਆ ਐਕਸੀਡੈਂਟ ਰੀਪੋਰਟ ਫਾਰਮ (ਐਫ2508) ਇਨਫੋਰਸਿੰਗ ਅਥਾਰਟੀ ਨੂੰ ਭੇਜਣਾ ਜ਼ਰੂਰੀ ਹੈ। ਪਰ ਅਪ੍ਰੈਲ 2001 ਤੋਂ ਰੀਪੋਰਟ ਕਰਨ ਦੇ ਨਵੇਂ ਤਰੀਕਿਆਂ ਵਾਰੇ ਸਫਾ 4 ਉਤੇ 'ਮੈਂ ਰੀਪੋਰਟ ਕਿਸ ਕੋਲ ਕਰਾਂ?' ਦੇਖੋ। ਇਸ ਪਰਚੇ ਵਿਚ ਇਕ ਫਾਰਮ ਸ਼ਾਮਲ ਕੀਤਾ ਹੋਇਆ ਹੈ ਜਿਸਦੀ ਤੁਸੀਂ ਕਾਪੀ ਕਰ ਸਕਦੇ ਹੋ।

- ਤਿੰਨ ਦਿਨ ਤੋਂ ਲੰਮੇਰੀ ਸੱਟ-ਪੇਟ ਉਹ ਹੈ ਜੋ ਵੱਡੀ ਤਾਂ ਨਹੀਂ ਪਰ ਜਿਸ ਕਾਰਨ ਜ਼ਖਮੀ ਹੋਏ ਵਿਅਕਤੀ ਨੂੰ ਸੱਟ ਲੱਗਣ ਵਾਲੇ ਦਿਨ ਤੋਂ ਬਗੈਰ ਤਿੰਨ ਦਿਨ (ਉਨ੍ਹਾਂ ਦਿਨਾਂ ਸਮੇਤ ਜਿਨ੍ਹਾਂ ਦਿਨਾਂ ਵਿਚ ਉਹ ਆਮਤੌਰ ਤੇ ਕੰਮ ਨਾ ਵੀ ਕਰਦੇ ਹੋਣ ਜਿਵੇਂ ਕਿ ਵੀਕਇੰਡ, ਰਿੱਸਟ ਡੇ ਜਾਂ ਹਾਲੀਡੇਜ) ਕੰਮ ਤੋਂ ਗੈਰਹਾਜ਼ਰ ਰਹਿਣਾ ਪਵੇ ਜਾਂ ਉਹ ਆਪਣੇ ਆਮ ਕੰਮ ਕਰਨ ਯੋਗ ਨਾ ਰਹੇ।

ਬੀਮਾਰੀ

- ਜੇ ਤੁਹਾਡਾ ਡਾਕਟਰ ਤੁਹਾਨੂੰ ਸੂਚਨਾ ਦੇਵੇ ਕਿ ਤੁਹਾਡਾ ਕੋਈ ਕਰਮਚਾਰੀ ਰੀਪੋਰਟ ਕਰਨ ਯੋਗ ਕੰਮ ਨਾਲ ਸਬੰਧਤ ਕਿਸੇ ਬੀਮਾਰੀ ਦੀ ਮਾਰ ਹੇਠ ਹੈ ਤਾਂ ਤੁਹਾਡੇ ਲਈ ਡਸੀਜ ਰੀਪੋਰਟ ਫਾਰਮ (ਐਫ2508ਏ) ਮੁਕੰਮਲ ਕਰਕੇ ਇਨਫੋਰਸਿੰਗ ਅਥਾਰਟੀ ਨੂੰ ਭੇਜਣਾ ਜ਼ਰੂਰੀ ਹੈ।ਪਰ ਅਪ੍ਰੈਲ 2001 ਤੋਂ ਰੀਪੋਰਟ ਕਰਨ ਦੇ ਨਵੇਂ ਤਰੀਕਿਆਂ ਵਾਰੇ ਸਫਾ 4 ਉਤੇ 'ਮੈਂ ਰੀਪੋਰਟ ਕਿਸ ਕੋਲ ਕਰਾਂ?' ਦੇਖੋ। ਤੁਹਾਨੂੰ ਰੀਪੋਰਟ ਕਰਨ ਯੋਗ ਬੀਮਾਰੀਆਂ ਦਾ ਖੁਲਾਸਾ ਸਫਾ 9 ਉਤੇ ਮਿਲ ਜਾਵੇਗਾ। ਇਕ ਪੂਰੀ ਲਿਸਟ ਰੀਪੋਰਟ ਫਾਰਮਾਂ ਦੇ ਪੈਡ ਅਤੇ ਰੈਗੂਲੇਸ਼ਨਾਂ ਦੀ ਗਾਈਡ ਵਿਚ ਸ਼ਾਮਲ ਕੀਤੀ ਗਈ ਹੈ, ਜਾਂ ਫਿਰ ਤੁਸੀਂ ਇਹ ਚੈਕ ਕਰਨ ਲਈ ਕਿ ਕੋਈ ਬੀਮਾਰੀ ਰੀਪੋਰਟ ਕਰਨ ਯੋਗ ਹੈ ਜਾਂ ਨਹੀਂ ਐਚਐਸਈ ਇਨਫੋਲਾਈਨ ਨੂੰ ਫੋਨ ਕਰ ਸਕਦੇ ਹੋ।

ਖਤਰਨਾਕ ਘਟਨਾਵਾਂ

- ਜੇ ਕੁੱਝ ਐਸਾ ਹੁੰਦਾ ਹੈ ਜਿਸਦੇ ਨਤੀਜੇ ਵਜੋਂ ਰੀਪੋਰਟ ਕਰਨ ਯੋਗ ਸੱਟ-ਪੇਟ ਤਾਂ ਨਹੀਂ ਲੱਗਦੀ ਪਰ ਲੱਗ ਸਕਦੀ ਸੀ ਤਾਂ ਉਹ ਖਤਰਨਾਕ ਘਟਨਾ ਹੈ ਜਿਸਦੀ ਰੀਪੋਰਟ ਇਨਫੋਰਸਿੰਗ ਅਥਾਰਟੀ ਨੂੰ (ਟੈਲੀਫੋਨ ਤੇ) ਤਰੰਤ ਕਰਨੀ ਚਾਹੀਦੀ ਹੈ। ਤੁਹਾਨੂੰ ਰੀਪੋਰਟ ਕਰਨ ਯੋਗ ਬੀਮਾਰੀਆਂ ਦਾ ਖੁਲਾਸਾ ਸਫਾ 9 ਉਤੇ ਮਿਲ ਜਾਵੇਗਾ। ਇਕ ਪੂਰੀ ਲਿਸਟ ਰੀਪੋਰਟ ਫਾਰਮਾਂ ਦੇ ਪੈਡ ਅਤੇ ਰੈਗੂਲੇਸ਼ਨਾਂ ਦੀ ਗਾਈਡ ਵਿਚ ਸ਼ਾਮਲ ਕੀਤੀ ਗਈ ਹੈ, ਜਾਂ ਫਿਰ ਤੁਸੀਂ ਪਤਾ ਕਰਨ ਲਈ ਐਚਐਸਈ ਇਨਫੋਲਾਈਨ ਨੂੰ ਫੋਨ ਕਰ ਸਕਦੇ ਹੋ।

- ਇਸ ਤੋਂ ਬਾਅਦ ਦਸ ਦਿਨ ਦੇ ਅੰਦਰ ਤੁਹਾਡੇ ਲਈ ਐਕਸੀਡੈਂਟ ਰੀਪੋਰਟ ਫਾਰਮ (ਐਫ2508) ਮੁਕੰਮਲ ਕਰਨਾ ਜ਼ਰੂਰੀ ਹੈ। ਪਰ ਅਪ੍ਰੈਲ 2001 ਤੋਂ ਰੀਪੋਰਟ ਕਰਨ ਦੇ ਨਵੇਂ ਤਰੀਕਿਆਂ ਵਾਰੇ ਸਫਾ 4 ਉਤੇ 'ਮੈਂ ਰੀਪੋਰਟ ਕਿਸ ਕੋਲ ਕਰਾਂ?' ਦੇਖੋ। ਇਸ ਪਰਚੇ ਵਿਚ ਇਕ ਫਾਰਮ ਸ਼ਾਮਲ ਕੀਤਾ ਹੋਇਆ ਹੈ ਜਿਸਦੀ ਤੁਸੀਂ ਕਾਪੀ ਕਰ ਸਕਦੇ ਹੋ।

## ਮੈਂ ਸੈਲਫ ਇੰਪਲਾਇਡ ਹਾਂ। ਕੀ ਇਹ ਮੇਰੇ ਉੱਪਰ ਲਾਗੂ ਹੁੰਦਾ ਹੈ? **I am self-employed does this apply to me?**

ਜੇ ਤੁਸੀਂ ਕਿਸੇ ਦੂਸਰੇ ਦੇ ਅਸਥਾਨ ਤੇ ਕੰਮ ਕਰ ਰਹੇ ਹੋ ਅਤੇ ਤੁਹਾਡੇ ਕੋਈ ਵੱਡੀ ਸੱਟ-ਪੇਟ ਲੱਗ ਜਾਂਦੀ ਹੈ ਜਾਂ ਕੋਈ ਐਸੀ ਸੱਟ-ਪੇਟ ਲੱਗ ਜਾਂਦੀ ਹੈ ਜਿਸ ਕਾਰਨ ਤੁਸੀਂ ਆਪਣਾ ਆਮ ਪੂਰਾ ਕੰਮ ਤਿੰਨ ਦਿਨ ਨਾਲੋਂ ਵੱਧ ਸਮੇਂ ਤੱਕ ਨਾ ਕਰ ਸਕੋ, ਤਾਂ ਉਹ ਵਿਅਕਤੀ ਤੁਹਾਡੀ ਸੱਟ-ਪੇਟ ਦੀ ਰੀਪੋਰਟ ਕਰਨ ਲਈ ਜ਼ਿੰਮੇਵਾਰ ਹੋਵੇਗਾ; ਇਸ ਕਰਕੇ, ਜੇ ਸੰਭਵ ਹੋਵੇ, ਇਸ ਗੱਲ ਨੂੰ ਯਕੀਨੀ ਬਣਾਵੋ ਕਿ ਉਨ੍ਹਾਂ ਨੂੰ ਇਸ ਵਾਰੇ ਪਤਾ ਹੋਵੇ।

ਜੇ ਤੁਸੀਂ ਆਪਣੇ ਅਸਥਾਨ ਤੇ ਕੰਮ ਕਰ ਰਹੇ ਹੋ, ਅਤੇ:

- ਤੁਹਾਡੇ ਜਾਂ ਕਿਸੇ ਜਨਤਕ ਮੈਂਬਰ ਦੇ ਸੱਟ-ਪੇਟ ਲੱਗ ਜਾਂਦੀ ਹੈ; ਜਾਂ

- ਕੋਈ ਖਤਰਨਾਕ ਘਟਨਾ ਹੋ ਜਾਂਦੀ ਹੈ; ਜਾਂ

- ਕੋਈ ਡਾਕਟਰ ਤੁਹਾਨੂੰ ਦੱਸੇ ਕਿ ਤੁਸੀਂ ਕੰਮ-ਸਬੰਧਤ ਰੋਗ ਜਾਂ ਬੀਮਾਰੀ ਦੇ ਸ਼ਿਕਾਰ ਹੋ;

ਤੁਹਾਨੂੰ ਇਹ ਰੀਪੋਰਟ ਕਰਨ ਦੀ ਲੋੜ ਹੈ। ਪਰ, ਜੇ ਕੋਈ ਵੱਡੀ ਸੱਟ-ਪੇਟ ਤੁਹਾਨੂੰ ਆਪਣੇ ਹੀ ਅਸਥਾਨ ਵਿਚ ਲੱਗਦੀ ਹੈ ਤਾਂ ਇਕ ਸੈਲਫ-ਇੰਪਲਾਇਡ ਵਿਅਕਤੀ ਵਜੋਂ ਤੁਹਾਨੂੰ ਤੁਰੰਤ ਰੀਪੋਰਟ ਕਰਨ ਦੀ ਲੋੜ ਨਹੀਂ ਹੈ। ਫਿਰ ਵੀ, ਤੁਹਾਨੂੰ ਜਾਂ ਤੁਹਾਡੇ ਵਲੋਂ ਕਿਸੇ ਦੂਸਰੇ ਨੂੰ ਦਸ ਦਿਨ ਅੰਦਰ ਰੀਪੋਰਟ ਫਾਰਮ (ਐਫ2508) ਭੇਜਣਾ ਜ਼ਰੂਰੀ ਹੈ। ਪਰ ਅਪ੍ਰੈਲ 2001 ਤੋਂ ਰੀਪੋਰਟ ਕਰਨ ਦੇ ਨਵੇਂ ਤਰੀਕਿਆਂ ਵਾਰੇ ਅਗਲਾ ਸਫਾ ਦੇਖੋ।

## ਮੈਂ ਰੀਪੋਰਟ ਕਿਸ ਕੋਲ ਕਰਾਂ? **Who do I report to?**

ਅਪ੍ਰੈਲ 2001 ਤੋਂ ਤੁਸੀਂ ਇੰਸੀਡੈਂਟ ਕੋਨਟੈਕਟ ਸੈਂਟਰ ਨਾਲ ਕਈ ਤਰੀਕਿਆਂ ਰਾਹੀਂ ਸੰਪਰਕ ਕਰ ਸਕਦੇ ਹੋ:

| | |
|---|---|
| ਫੋਨ ਰਾਹੀਂ: | 0845 300 9923 (8.30ਸਵੇਰੇ – 5.00ਸ਼ਾਮ) |
| ਫੈਕਸ ਰਾਹੀਂ: | 0845 300 9924 (ਕਿਸੇ ਵੀ ਸਮੇਂ) |
| ਇੰਟਰਨੈਟ ਰਾਹੀਂ: | www.riddor.gov.uk (ਕਿਸੇ ਵੀ ਸਮੇਂ) |
| ਈਮੇਲ ਰਾਹੀਂ: | riddor@natbrit.com |
| ਡਾਕ ਰਾਹੀਂ: | Incident Contact Centre, Caerphilly Business Park, Caerphilly CF83 3GG |

ਜਾਂ ਫਿਰ, ਤੁਸੀਂ ਆਪਣੀ ਲੋਕਲ ਅਥਾਰਟੀ ਦੀ ਇਨਵਾਇਰਾਮੈਂਟ ਹੈਲਥ ਡਿਪਾਰਟਮੈਂਟ ਨਾਲ ਸੰਪਰਕ ਕਰ ਸਕਦੇ ਹੋ ਜੇ ਤੁਹਾਡਾ ਕਾਰੋਬਾਰ:

ਦਫਤਰ ਅਧਾਰਿਤ;
ਰੀਟੇਲ ਜਾਂ ਹੋਲਸੇਲ;
ਵੇਅਰਹਾਊਸਿੰਗ;
ਹੋਟਲ ਜਾਂ ਕੇਟ੍ਰਿੰਗ;
ਸਪੋਰਟਸ ਜਾਂ ਲੈਯਜਰ;
ਰੈਜ਼ੀਡੈਂਸ਼ੀਅਲ ਅਕਾਮੋਡੇਸ਼ਨ, ਨਰਸਿੰਗ ਹੋਮ ਤੋਂ ਬਗੈਰ;
ਪੂਜਾ ਦੇ ਅਸਥਾਨਾਂ ਨਾਲ ਸਬੰਧਤ;
ਪ੍ਰੀ-ਸਕੂਲ ਚਾਇਲਡ ਕੇਅਰ;
ਮੋਬਾਇਲ ਵੈਂਡਿੰਗ ਹੈ।

ਟੈਲੀਫੋਨ ਨੰਬਰ ਅਤੇ ਪਤਾ ਅਥਾਰਟੀ ਦੇ ਨਾਮ ਹੇਠ ਟੈਲੀਫੋਨ ਬੁੱਕ ਵਿਚ ਮਿਲ ਜਾਵੇਗਾ।

ਦੂਸਰੇ ਕਿਸੇ ਵੀ ਤਰਾਂ ਦੇ ਕਾਰੋਬਾਰ ਵਾਸਤੇ ਐਚਐਸਈ ਦਾ ਏਰੀਆ ਦਫਤਰ ਹੋਵੇਗਾ। ਸਰਨਾਵਾਂ ਅਤੇ ਟੈਲੀਫੋਨ ਨੰਬਰ ਪ੍ਰਾਪਤ ਕਰਨ ਲਈ ਟੈਲੀਫੋਨ ਬੁੱਕ ਵਿਚ ਐਚਐਸਈ ਹੇਠ ਦੇਖੋ। ਜੇ ਤੁਹਾਨੂੰ ਵੇਰਵਾ ਪਤਾ

ਕਰਨ ਵਿਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਐਚਐਸਈ ਇਨਫੋਲਾਈਨ ਦੀ ਘੰਟੀ ਖੜਕਾਓ। ਨੰਬਰ ਇਸ ਪਰਚੇ ਦੇ ਅੰਤ ਵਿਚ ਦਿੱਤਾ ਹੋਇਆ ਹੈ।

ਰੇਲਵੇ ਐਂਡ ਮਾਈਨਿੰਗ ਇੰਸੀਡੈਂਟ ਰੀਪੋਰਟਿੰਗ ਕਰਨਾ ਮਜੂਦਾ ਪ੍ਰਬੰਧਾਂ ਅਨੁਸਾਰ ਹੀ ਜ਼ਾਰੀ ਰਹੇਗਾ।

## ਮੈਨੂੰ ਕਿਹੜੇ ਰੀਕਾਰਡ ਰੱਖਣ ਦੀ ਲੋੜ ਹੈ? What records do I need to keep?

ਤੁਹਾਡੇ ਲਈ ਕਿਸੇ ਵੀ ਰੀਪੋਰਟ ਕਰਨ ਯੋਗ ਸੱਟ-ਪੇਟ, ਬੀਮਾਰੀ ਜਾਂ ਖਤਰਨਾਕ ਘਟਨਾ ਵਾਪਰਨ ਤੋਂ ਬਾਅਦ ਉਸਦਾ ਰੀਕਾਰਡ ਤਿੰਨ ਸਾਲ ਤੱਕ ਰੱਖਣਾ ਜ਼ਰੂਰੀ ਹੈ। ਇਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ:

- ਰੀਪੋਰਟ ਕਰਨ ਦੀ ਤਰੀਕ ਅਤੇ ਤਰੀਕਾ;
- ਘਟਨਾ ਦੀ ਤਰੀਕ, ਸਮਾਂ ਅਤੇ ਸਥਾਨ;
- ਇਸ ਵਿਚ ਸ਼ਾਮਲ ਵਿਅਕਤੀਆਂ ਦਾ ਨਿੱਜੀ ਵੇਰਵਾ; ਅਤੇ
- ਘਟਨਾ ਜਾਂ ਬੀਮਾਰੀ ਦਾ ਸੰਖੇਪ ਵਰਨਣ।

### ਰੀਕਾਰਡ ਰੱਖਣ ਵਾਰੇ ਗਾਈਡੈਂਸ

ਮਿਸਾਲ ਦੇ ਤੌਰ ਤੇ, ਤੁਸੀਂ ਆਪਣੇ ਰੀਕਾਰਡ ਇਨ੍ਹਾਂ ਤਰੀਕਿਆਂ ਰਾਹੀਂ ਰੱਖ ਸਕਦੇ ਹੋ:

- ਕਿਸੇ ਫਾਈਲ ਵਿਚ ਰੀਪੋਰਟ ਫਾਰਮਾਂ ਦੀ ਕਾਪੀ ਰੱਖ ਕੇ;
- ਕਿਸੇ ਕੰਪਿਊਟਰ ਉਤੇ ਵੇਰਵਾ ਰੀਕਾਰਡ ਕਰਕੇ;
- ਕੋਈ ਲਿਖਤੀ ਰੋਜ਼ਨਾਮਚਾ ਰੱਖ ਕੇ।

ਤੁਸੀਂ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਰੂਪ ਵਿਚ ਰੀਕਾਰਡ ਰੱਖ ਸਕਦੇ ਹੋ।

ਜੇ ਤੁਸੀਂ ਰੀਪੋਰਟ ਕਰਨ ਵਾਸਤੇ ਇੰਟਰਨੈਟ ਜਾਂ ਫੋਨ ਦੀ ਵਰਤੋਂ ਕਰਦੇ ਹੋ ਤਾਂ ਸ਼ਾਇਦ ਤੁਹਾਡੇ ਕੋਲ ਰੀਪੋਰਟਿੰਗ ਫਾਰਮਾਂ (ਐਫ2508/ਐਫ2508ਏ) ਦੀ ਆਪਣੀ ਕਾਪੀ ਨਾ ਹੋਵੇ। ਇਸ ਵਿਚ ਮੱਦਦ ਕਰਨ ਲਈ ਤੁਹਾਨੂੰ ਤੁਹਾਡੀ ਆਪਣੀ ਰੀਪੋਰਟ ਦੀ ਕਾਪੀ ਭੇਜੀ ਜਾਵੇਗੀ ਅਤੇ ਇਸ ਵਿਚਲੀਆਂ ਗਲਤੀਆਂ ਨੂੰ ਠੀਕ ਕਰਨ ਦਾ ਮੌਕਾ ਦਿੱਤਾ ਜਾਵੇਗਾ।

## ਬੱਸ ਇਤਨਾ ਹੀ? **Is that all?**

ਹਾਂ – ਇਸ ਪਰਚੇ ਵਿਚ ਉਹ ਸੱਭ ਕੁੱਝ ਸ਼ਾਮਲ ਹੈ ਜੋ ਇਨ੍ਹਾਂ ਰੈਗੂਲੇਸ਼ਨਾਂ ਅਧੀਨ ਜ਼ਿੰਮੇਵਾਰ ਵਿਅਕਤੀਆਂ ਨੂੰ ਜਾਨਣ ਦੀ ਲੋੜ ਹੈ।

ਜੇ ਤੁਹਾਡੇ ਕੁੱਝ ਸਵਾਲ ਹਨ, ਜਿਵੇਂ ਕਿ ਰੀਪੋਰਟ ਕਰਨ ਯੋਗ ਖਤਰਨਾਕ ਘਟਨਾਵਾਂ ਜਾਂ ਬੀਮਾਰੀਆਂ ਵਾਰੇ ਤਾਂ ਐਚਐਸਈ ਦੀ ਇਨਫੋਲਾਈਨ ਨੂੰ ਫੋਨ ਕਰੋ। ਫਿਰ ਵੀ, ਜੇ ਤੁਸੀਂ ਵਧੇਰੇ ਜਾਣਕਾਰੀ ਆਪਣੇ ਕੋਲ ਰੱਖਣੀ ਚਾਹੋ ਤਾਂ ਰੈਗੂਲੇਸ਼ਨਾਂ ਵਾਰੇ ਇਕ ਗਾਈਡ ਉਪਲੱਬਧ ਹੈ (ਇਸ ਪਰਚੇ ਦੇ ਅਖੀਰ ਵਿਚ ਆਰਡਰ ਫਾਰਮ ਦੇਖੋ)। ਇਸ ਵਿਚ ਇਨ੍ਹਾਂ ਰੈਗੂਲੇਸ਼ਨਾਂ ਅਤੇ ਉਨ੍ਹਾਂ ਦੀ ਤਰਜ਼ਮਾਨੀ ਦਾ ਪੂਰਾ ਪ੍ਰਸੰਗ ਸ਼ਾਮਲ ਹੈ। ਇਸ ਵਿਚ ਰੀਪੋਰਟ ਕਰਨ ਯੋਗ ਬੀਮਾਰੀਆਂ ਅਤੇ ਖਤਰਨਾਕ ਘਟਨਾਵਾਂ ਦੀ ਲਿਸਟ ਵੀ ਸ਼ਾਮਲ ਹੈ।

ਰੇਲਵੇਅਜ, ਟ੍ਰਾਮਵੇਅਜ ਆਦਿ ਵਾਸਤੇ ਰਿਡੋਰ ਲਾਗੂ ਕਰਨ ਵਾਰੇ ਇਕ ਵੱਖਰੀ ਗਾਈਡੈਂਸ ਉਪਲੱਬਧ ਹੈ (ਇਸ ਪਰਚੇ ਦੇ ਅਖੀਰ ਵਿਚ ਆਰਡਰ ਫਾਰਮ ਦੇਖੋ)।

## ਵੱਡੀਆਂ ਸੱਟ-ਪੇਟਾਂ, ਖਤਰਨਾਕ ਘਟਨਾਵਾਂ ਅਤੇ ਬੀਮਾਰੀਆਂ ਦੀ ਪ੍ਰੀਭਾਸ਼ਾ **Definition of major injuries, dangerous occurrences and diseases**

ਰੀਪੋਰਟ ਕਰਨ ਯੋਗ ਵੱਡੀਆਂ ਸੱਟ-ਪੇਟਾਂ ਹਨ:

- ਹੱਡੀ ਦਾ ਤਿੜਕਣਾ, ਉਂਗਲੀਆਂ, ਅਗੂੰਠਿਆਂ ਜਾਂ ਪੈਰ ਦੀਆਂ ਉਂਗਲਾਂ ਦੇ ਟੁੱਟਣ ਬਗੈਰ;
- ਅੰਗ ਕੱਟਿਆ ਜਾਣਾ;
- ਮੋਢੇ, ਕਮਰ, ਗੋਡੇ ਜਾਂ ਰੀੜ੍ਹ ਦੀ ਹੱਡੀ ਦਾ ਨਿਕਲ ਜਾਣਾ;
- ਨਿਗਾਹ ਦਾ ਚਲੇ ਜਾਣਾ (ਅਸਥਾਈ ਜਾਂ ਸਥਾਈ ਤੌਰ ਤੇ);
- ਅੱਖ ਵਿਚ ਤੱਤੇ ਲੋਹੇ ਜਾਂ ਰਸਾਇਣ ਨਾਲ ਸੜ ਜਾਣਾ ਜਾਂ ਅੱਖ ਵਿਚ ਖੁੱਭਣ ਵਾਲੀ ਕੋਈ ਦੂਸਰੀ ਸੱਟ-ਪੇਟ;
- ਬਿਜਲੀ ਦੇ ਕਰੰਟ ਜਾਂ ਬਿਜਲੀ ਨਾਲ ਸੜ੍ਹਨ ਕਾਰਨ ਜ਼ਖਮੀ ਹੋਕੇ ਬੇਹੋਸ਼ ਹੋ ਜਾਣ ਜਾਂ ਬੇਹੋਸ਼ੀ ਵਿਚੋਂ ਮੁੜ ਹੋਸ਼ ਵਿਚ ਲਿਆਉਣ ਜਾਂ 24 ਘੰਟਿਆਂ ਤੋਂ ਵੱਧ ਸਮੇਂ ਲਈ ਹਸਪਤਾਲ ਵਿਚ ਦਾਖਲ ਹੋਣ ਦੀ ਲੋੜ ਪਵੇ;
- ਕੋਈ ਦੂਸਰੀ ਸੱਟ-ਪੇਟ: ਜਿਸ ਨਾਲ ਸਰੀਰ ਦੀ ਗਰਮੀ ਘੱਟ ਜਾਵੇ; ਗਰਮੀ ਕਾਰਨ ਬੀਮਾਰੀ ਜਾਂ ਬੇਹੋਸ਼ੀ ਹੋ ਜਾਵੇ; ਜਾਂ ਬੇਹੋਸ਼ੀ ਵਿਚੋਂ ਮੁੜ ਹੋਸ਼ ਵਿਚ ਲਿਆਉਣ ਦੀ ਲੋੜ ਪਵੇ; ਜਾਂ 24 ਘੰਟੇ ਤੋਂ ਵੱਧ ਹਸਪਤਾਲ ਵਿਚ ਦਾਖਲੇ ਦੀ ਲੋੜ ਪਵੇ;

- ਕਿਸੇ ਹਾਨੀਕਾਰਕ ਮਾਦੇ ਜਾਂ ਬਾਇਓਲੌਜੀਕਲ ਏਜੰਟ ਦੇ ਅਸਰ ਨਾਲ ਜਾਂ ਦਮ ਘੁੱਟਣ ਕਾਰਨ ਬੇਹੋਸ਼ੀ;

- ਤੀਬਰ ਬੀਮਾਰੀ ਜਿਸ ਲਈ ਡਾਕਟਰੀ ਇਲਾਜ਼ ਦੀ ਲੋੜ ਪਵੇ, ਜਾਂ ਸਾਹ, ਖਾਣ-ਪੀਣ ਜਾਂ ਚਮੜੀ ਰਾਹੀਂ ਕਿਸੇ ਮਾਦੇ ਦੇ ਸਰੀਰ ਵਿਚ ਦਾਖਲ ਹੋਣ ਕਾਰਨ ਬੇਹੋਸ਼ੀ;

- ਤੀਬਰ ਬੀਮਾਰੀ ਜਿਸ ਲਈ ਡਾਕਟਰੀ ਇਲਾਜ਼ ਦੀ ਲੋੜ ਪਵੇ, ਜਿੱਥੇ ਕਿ ਐਸਾ ਮੰਨਣ ਦਾ ਕਾਰਨ ਹੋਵੇ ਕਿ ਇਹ ਕਿਸੇ ਬਾਇਓਲੌਜੀਕਲ ਏਜੰਟ ਜਾਂ ਇਸਦੇ ਜ਼ਹਿਰ ਜਾਂ ਇਸ ਨਾਲ ਪ੍ਰਦੂਸ਼ਤ ਕਿਸੇ ਚੀਜ਼ ਦੇ ਅਸਰ ਕਾਰਨ ਹੋਈ ਹੈ।

## ਰੀਪੋਰਟ ਕਰਨ ਯੋਗ ਖਤਰਨਾਕ ਘਟਨਾਵਾਂ ਹਨ: **Reportable dangerous occurrences are:**

*(ਇਹ ਲਿਸਟ ਹਰ ਇਕ ਖਤਰਨਾਕ ਘਟਨਾ ਦਾ ਸਾਰਾਂਸ਼ ਦਸਦੀ ਹੈ - ਦੇਖੋ ਸਫਾ 3)*

1. ਲਿਫਟਾਂ ਅਤੇ ਲਿਫਟਿੰਗ ਮਸ਼ੀਨਰੀ ਦੇ ਭਾਰ ਉਠਾਉਣ ਵਾਲੇ ਪੁਰਜ਼ਿਆਂ ਦਾ ਟੁੱਟ, ਘੁੰਮ ਜਾਂ ਫੇਲ ਹੋ ਜਾਣਾ;

2. ਕਿਸੇ ਬੰਦ ਡ੍ਰੰਮ ਜਾਂ ਇਸ ਨਾਲ ਸਬੰਧਤ ਪਾਈਪਾਂ ਦਾ ਪਾਟ, ਟੁੱਟ ਜਾਂ ਪਟਾਕਾ ਪੈ ਜਾਣਾ;

3. ਇਕ ਥਾਂ ਤੋਂ ਦੂਜੀ ਥਾਂ ਭਾਰ ਲੈ ਜਾਣ ਵਾਲੇ ਕੋਨਟੇਨਰ ਦੇ ਭਾਰ ਉਠਾਉਣ ਵਾਲੇ ਪੁਰਜ਼ਿਆਂ ਦਾ ਫੇਲ ਹੋ ਜਾਣਾ;

4. ਮਸ਼ੀਨਰੀ ਜਾਂ ਸਮਾਨ ਦਾ ਉਪਰ ਬਿਜਲੀ ਦੀਆਂ ਤਾਰਾਂ ਨਾਲ ਛੂਹ ਹੋਣਾ;

5. ਬਿਜਲੀ ਦਾ ਸ਼ੋਰਟ ਸਰਕਟ ਜਾਂ ਓਵਰਲੋਡ ਜੋ ਅੱਗ ਜਾਂ ਧਮਾਕੇ ਦਾ ਕਾਰਨ ਬਣ ਜਾਵੇ;

6. ਕੋਈ ਵੀ ਗੈਰ-ਇਰਾਦੀ ਧਮਾਕਾ, ਮਿਸਫਾਇਰ, ਕਿਸੇ ਚੀਜ਼ ਨੂੰ ਇਰਾਦੇ ਅਨੁਸਾਰ ਧਮਾਕੇ ਨਾਲ ਗਿਰਾਉਣ ਦੀ ਕਾਰਵਾਈ ਦਾ ਫੇਲ ਹੋ ਜਾਣਾ, ਕਿਸੇ ਸਮੱਗ੍ਰੀ ਦਾ ਆਪਣੀ ਹੱਦ ਤੋਂ ਬਾਹਰ ਤੱਕ ਖਿਲਾਰਾ, ਕਿਸੇ ਧਮਾਕੇ ਕਾਰਨ ਲੱਗੀ ਸੱਟ-ਪੇਟ;

7. ਕਿਸੇ ਬਾਇਓਲੌਜੀਕਲ ਏਜੰਟ ਦਾ ਇਤਫਾਕੀਆ ਲੀਕ ਹੋ ਜਾਣਾ ਜਿਸ ਨਾਲ ਗੰਭੀਰ ਮਾਨਵ ਬੀਮਾਰੀ ਹੋਣ ਦੀ ਸੰਭਾਵਨਾ ਹੋਵੇ;

8. ਇੰਡੱਸਟ੍ਰੀਅਲ ਰੇਡੀਓਗ੍ਰਾਫੀ ਜਾਂ ਇਰੈਡੀਏਸ਼ਨ ਸਮਾਨ ਦਾ ਮਿਥੇ ਸਮੇਂ ਤੋਂ ਬਾਅਦ ਊਰਜ਼ਾ ਘੱਟ ਕਰਨ ਜਾਂ ਆਪਣੀ ਸੁਰੱਖਿਅਤ ਅਵਸਥਾ ਵਿਚ ਪਹੁੰਚਣ ਵਿਚ ਫੇਲ ਹੋਣਾ;

9. ਵਰਤਣ ਸਮੇਂ ਜਾਂ ਵਰਤਣ ਤੋਂ ਫੌਰਨ ਪਹਿਲਾਂ ਟੈਸਟ ਕਰਨ ਸਮੇਂ ਸਾਹ ਲੈਣ ਲਈ ਵਰਤੇ ਜਾਣ ਵਾਲੇ ਔਜ਼ਾਰਾਂ ਦਾ ਸਹੀ ਕੰਮ ਨਾ ਕਰਨਾ;

10. ਗੋਤਾ ਲਗਾਉਣ ਲਈ ਵਰਤੇ ਜਾਣ ਵਾਲੇ ਸਾਮਾਨ ਦਾ ਫੇਲ ਜਾਂ ਖਤਰਨਾਕ ਹੋ ਜਾਣਾ, ਗੋਤਾਖੋਰ ਦਾ ਫਸ ਜਾਣਾ, ਗੋਤਾਖੋਰ ਦੇ ਲਾਗੇ ਕੋਈ ਧਮਾਕਾ, ਜਾਂ ਬੇਕਾਬੂ ਉਚਾਈ;

11. ਪੰਜ ਮੀਟਰ ਤੋਂ ਵੱਧ ਉੱਚੀ ਸਕਾਫੋਲਡ ਦਾ ਪੂਰਾ ਜਾਂ ਆਂਸ਼ਕ ਰੂਪ ਵਿਚ ਡਿੱਗ ਪੈਣਾ, ਜਾਂ ਇਸਨੂੰ ਪਾਣੀ ਦੇ ਲਾਗੇ ਲਗਾਇਆ ਜਾਣਾ ਜਿੱਥੇ ਡਿਗਣ ਤੋਂ ਬਾਅਦ ਡੁੱਬ ਜਾਣ ਦਾ ਖਤਰਾ ਹੋਵੇ;

12. ਕਿਸੇ ਟ੍ਰੇਨ ਦੀ ਕਿਸੇ ਵਾਹਨ ਨਾਲ ਗੈਰ-ਇਰਾਦੀ ਟੱਕਰ;

13. ਕਿਸੇ ਖੂਹ ਤੇ ਖਤਰਨਾਕ ਘਟਨਾ (ਪਾਣੀ ਵਾਲੇ ਖੂਹ ਤੋਂ ਬਗੈਰ);

14. ਕਿਸੇ ਪਾਈਪਲਾਈਨ ਤੇ ਖਤਰਨਾਕ ਘਟਨਾ;

15. ਫੇਅਰਗ੍ਰਾਊਂਡ ਦੇ ਸਮਾਨ ਵਿਚ ਭਾਰ ਉਠਾਉਣ ਵਾਲੇ ਕਿਸੇ ਪੁਰਜ਼ੇ ਦਾ ਫੇਲ ਹੋ ਜਾਣਾ, ਜਾਂ ਕਾਰਾਂ ਜਾਂ ਟ੍ਰੇਨਾਂ ਦੀ ਗੈਰ-ਇਰਾਦੀ ਟੱਕਰ ਜਾਂ ਪੱਟੜੀ ਤੋਂ ਲਹਿ ਜਾਣਾ;

16. ਕੋਈ ਖਤਰਨਾਕ ਮਾਦਾ ਲੈ ਜਾ ਰਹੇ ਰੋਡ ਟੈਂਕਰ ਦਾ ਉਲਟ ਜਾਣਾ, ਗੰਭੀਰ ਰੂਪ ਵਿਚ ਟੁੱਟ-ਭੱਜ ਜਾਣਾ, ਅੱਗ ਲੱਗ ਜਾਣਾ ਜਾਂ ਮਾਦੇ ਦਾ ਖਿਲਰ ਜਾਣਾ;

17. ਸੜਕ ਦੇ ਰਾਸਤੇ ਲੈ ਜਾਏ ਜਾ ਰਹੇ ਕਿਸੇ ਖਤਰਨਾਕ ਮਾਦੇ ਨੂੰ ਅੱਗ ਲੱਗ ਜਾਣੀ ਜਾਂ ਇਸਦਾ ਖਿਲਰ ਜਾਣਾ;

*ਔਫਸ਼ੋਰ ਵਰਕ ਪਲੇਸਾਂ ਨਾਲ ਸਬੰਧਤ ਨੂੰ ਛੱਡ ਕੇ ਹੇਠ ਲਿਖੀਆਂ ਖਤਰਨਾਕ ਘਟਨਾਵਾਂ ਰੀਪੋਰਟ ਕਰਨ ਯੋਗ ਹਨ;*

18. ਗੈਰ-ਇਰਾਦੀ ਡਿਗਣਾ: ਉਸਾਰੀ ਅਧੀਨ ਕਿਸੇ ਇਮਾਰਤ ਜਾਂ ਢਾਂਚੇ ਦਾ; ਢਹਿਣ-ਢਹੁਣ ਜਾਂ ਅਦਲਾ-ਬਦਲੀ ਵਿਚ ਜਿੱਥੇ ਪੰਜ ਟੰਨ ਨਾਲੋਂ ਵੱਧ ਸਮੱਗ੍ਰੀ ਡਿੱਗ ਪਵੇ; ਕੰਮ ਕਰਨ ਵਾਲੀ ਥਾਂ ਵਿਚ ਕਿਸੇ ਕੰਧ ਜਾਂ ਫਰਸ਼ ਦਾ; ਕਿਸੇ ਬਨਾਵਟੀ ਕੰਮ ਦਾ;

19. ਕੋਈ ਧਮਾਕਾ ਜਾਂ ਅੱਗ ਜਿਸ ਕਾਰਨ 24 ਘੰਟਿਆਂ ਨਾਲੋਂ ਵੱਧ ਸਮੇਂ ਲਈ ਆਮ ਕੰਮ ਰੋਕਣਾ ਪਵੇ;

20. ਇਮਾਰਤ ਵਿਚ ਅਚਾਨਕ ਹੇਠ ਲਿਖਿਆਂ ਵਿਚੋਂ ਕਿਸੇ ਇਕ ਦਾ ਬੇਕਾਬੂ ਤੌਰ ਤੇ ਫੈਲ ਜਾਣਾ:
ਅੱਗ ਪਕੜਨ ਵਾਲਾ ਕੋਈ ਤਰਲ ਪਦਾਰਥ 100 ਕਿਲੋਗ੍ਰਾਮ ਜਾਂ ਵੱਧ ;
ਉਬਲਣ ਨੁਕਤੇ ਤੋਂ ਵੱਧ ਗਰਮ, ਅੱਗ ਪਕੜਨ ਵਾਲਾ ਕੋਈ ਤਰਲ ਪਦਾਰਥ 10 ਕਿਲੋਗ੍ਰਾਮ ਜਾਂ ਵੱਧ;
ਅੱਗ ਪਕੜਣ ਵਾਲਾ ਕੋਈ ਗੈਸ 10 ਕਿਲੋਗ੍ਰਾਮ ਜਾਂ ਵੱਧ;
ਜੇ ਇਹ ਖੁੱਲੀ ਹਵਾ ਵਿਚ ਫੈਲੇ ਹਨ ਤਾਂ ਇਨ੍ਹਾਂ ਮਾਦਿਆਂ ਦਾ 500 ਕਿਲੋਗ੍ਰਾਮ;

21. ਸੇਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਵੀ ਮਾਦੇ ਦੇ ਫੈਲਣ ਦੀ ਦੁਰਘਟਨਾ।

*ਨੋਟ: ਮਾਂਈਨਜ, ਕੁਐਰੀਜ, ਸਬੰਧਤ ਟ੍ਰਾਂਸਪੋਰਟ ਸਿਸਟਮ (ਰੇਲਵੇਜ ਆਦਿ) ਅਤੇ ਔਫਸ਼ੋਰ ਵਰਕਪਲੇਸਾਂ ਵਿਚ ਖਤਰਨਾਕ ਘਟਨਾਵਾਂ ਦੀਆਂ ਹੋਰ ਵਧੇਰੇ ਸ਼੍ਰੇਣੀਆਂ ਲਾਗੂ ਹੁੰਦੀਆਂ ਹਨ।*

**ਰੀਪੋਰਟ ਕਰਨ ਯੋਗ ਬੀਮਰੀਆਂ ਵਿਚ ਸ਼ਾਮਲ ਹਨ: Reportable diseases include:**

- ਕੁੱਝ ਕਿਸਮਾਂ ਦੀ ਜ਼ਹਿਰ ਅੰਦਰ ਜਾਣੀ;

- ਕੁੱਝ ਚਮੜੀ ਰੋਗ ਜਿਵੇਂ ਆਕਯੂਪੇਸ਼ਨਲ ਡ੍ਰਮਾਟਾਈਟਸ, ਸਕਿੱਨ ਕੈਂਸਰ, ਕ੍ਰੋਮ ਅੱਲਸਰ, ਔਇਲ ਫੋਲੀਕਿਊਲਾਈਟਸ/ਐਕਨੀ;

- ਆਕਯੂਪੇਸ਼ਨਲ ਅਸਥਮਾ, ਫਾਰਮਰਜ ਲੰਗ, ਨਿਉਮੋਕੋਨਾਇਓਸਿਸ, ਅਸਬੈਸਟੋਸਿਸ, ਮੈਸੋਥਿਲੀਓਮਾ ਸਮੇਤ ਫੇਫੜਿਆਂ ਦੀਆਂ ਬੀਮਾਰੀਆਂ;

- ਲੈਪਟੋਸਪੀਰੋਸਿਸ, ਹੈਪਾਟਾਈਟਸ, ਟ੍ਰਬਿਊਕਲੋਸਿਸ, ਐਂਥਰੈਕਸ, ਲੈਜੀਓਨਲੋਸਿਸ ਅਤੇ ਟੈਟਨਸ ਵਰਗੀਆਂ ਇਨਫੈਕਸ਼ਨਜ;

- ਦੂਸਰੀਆਂ ਬੀਮਾਰੀਆਂ ਜਿਵੇਂ ਕਿ: ਆਕਯੂਪੇਸ਼ਨਲ ਕੈਂਸਰ, ਕੁੱਝ ਮਸਕੁਲੋਸਕੀਲੈਟਲ ਨੁਕਸ, ਡੀਕੌਂਪਰੈਸ਼ਨ ਬੀਮਾਰੀਆਂ ਅਤੇ ਹੈਂਡ-ਆਰਮ ਵਾਈਬ੍ਰੇਸ਼ਨ ਸਿੰਡ੍ਰੋਮ।

ਰੀਪੋਰਟ ਕਰਨ ਯੋਗ ਬੀਮਾਰੀਆਂ ਅਤੇ ਜਿਨ੍ਹਾਂ ਕੰਮਕਾਜੀ ਕਾਰਵਾਈਆਂ ਨਾਲ ਉਹ ਸਬੰਧਤ ਹਨ ਦੀ ਪੂਰੀ ਲਿਸਟ ਰੈਗੂਲੇਸ਼ਨਾਂ ਦੀ ਵਿਸਥਾਰ ਪੂਰਵਕ ਗਾਈਡ ਅਤੇ ਰੀਪੋਰਟ ਫਾਰਮਾਂ ਦੇ ਪੈਡ ਵਿਚੋਂ ਮਿਲ ਸਕਦੀ ਹੈ; ਜਾਂ ਫਿਰ ਚੈਕ ਕਰਨ ਲਈ ਐਚਐਸਈ ਦੀ ਇਨਫੋਲਾਈਨ ਦੀ ਘੰਟੀ ਖੜਕਾਓ।

ਐਚਐਸਈ ਦੀਆਂ ਮੁੱਲ ਖਰੀਦੀਆਂ ਜਾਣ ਵਾਲੀਆਂ ਅਤੇ ਮੁਫਤ ਪਬਲੀਕੇਸ਼ਨਾਂ ਡਾਕ ਆਰਡਰ ਰਾਹੀਂ ਇਸ ਪਤੇ ਤੋਂ ਉਪਲੱਬਧ ਹਨ HSE Books, PO Box 1999, Suffolk CO10 2WA. ਫੋਨ: 01787 881 165 ਫੈਕਸ: 01787 313995 ਵੈਬਸਾਈਟ www.hsebooks.co.uk (ਐਚਐਸਈ ਦੀਆਂ ਮੁੱਲ ਖਰੀਦਣ ਵਾਲੀਆਂ ਪਬਲੀਕੇਸ਼ਨਾਂ ਕਿਤਾਬਾਂ ਦੀਆਂ ਦੁਕਨਾਂ ਤੋਂ ਵੀ ਉਪਲੱਬਧ ਹਨ ਅਤੇ ਮੁਫਤ ਪਰਚੇ ਐਚਐਸਈ ਦੀ ਵੈਬਸਾਈਟ www.hse.gov.uk ਤੋਂ ਡਾਉਨਲੋਡ ਕੀਤੇ ਜਾ ਸਕਦੇ ਹਨ)।

ਹੈਲਥ ਐਂਡ ਸੇਫਟੀ ਵਾਰੇ ਜਾਣਕਾਰੀ ਲਈ ਐਚਐਸਈ ਦੀ ਇਨਫੋਲਾਈਨ ਦੀ ਘੰਟੀ ਖੜਕਾਓ ਫੋਨ: 08701 545500 ਫੈਕਸ: 02920 859060 ਈਮੇਲ: hseinformationservices@natbrit.com ਜਾਂ ਇਸ ਪਤੇ ਤੇ ਚਿੱਠੀ ਲਿਖੋ HSE Information Services, Caerphilly Business Park, Caerphilly CF83 3GG.

**ਇਸ ਪਰਚੇ ਵਿਚ ਚੰਗੇ ਅਭਿਆਸ ਵਾਰੇ ਨੋਟ ਸ਼ਾਮਲ ਹਨ ਜੋ ਲਾਜ਼ਮੀ ਤਾਂ ਨਹੀਂ ਪਰ ਤੁਹਾਨੂੰ ਕੀ ਕਰਨ ਦੀ ਲੋੜ ਹੈ ਵਾਰੇ ਵਿਚਾਰ ਕਰਦੇ ਸਮੇਂ ਮੱਦਦਗਾਰ ਸਾਬਤ ਹੋ ਸਕਦੇ ਹਨ।**

ਇਹ ਗੁੱਡ ਪ੍ਰੈਕਟਿਸ ਗਾਈਡੈਂਸ ਨੋਟਸ ਬਾਕੀ ਲਿਖਤ ਨਾਲੋਂ ਵੱਖਰੇ ਬਾਕਸ ਵਿਚ ਹਾਈਲਾਈਟ ਕੀਤੇ ਹੋਏ ਹਨ।

*ਕ੍ਰਾਊਨ ਕਾਪੀਰਾਈਟ* ਇਸ ਪਬਲੀਕੇਸ਼ਨ ਨੂੰ ਇਸ਼ਤਹਾਰਬਾਜ਼ੀ, ਤਸਦੀਕੀ ਜਾਂ ਵਪਾਰਕ ਮਕਸਦਾਂ ਲਈ ਵਰਤਣ ਤੋਂ ਬਗੈਰ ਖੁੱਲੇ ਤੌਰ ਤੇ ਰੀਪ੍ਰੋਡਿਊਸਡ ਕੀਤਾ ਜਾ ਸਕਦਾ ਹੈ। ਪਹਿਲਾ ਪ੍ਰਕਾਸ਼ਨ 4/99. ਸ੍ਰੋਤ ਸਾਧਨ ਐਚਐਸਈ ਦੱਸਣ ਦੀ ਕ੍ਰਿਪਾ ਕਰਨੀ।

ਐਚਐਸਈ31(ਆਰਈਵੀ1) ਰੀਪ੍ਰਿੰਟਿਡ 10/03 ਸੀ2000
ਹੈਲਥ ਐਂਡ ਸੇਫਟੀ ਅਗਜ਼ੈਕਟਿਵ ਦੁਆਰਾ ਛਾਪਿਆ ਅਤੇ ਪ੍ਰਕਾਸ਼ਿਤ ਕੀਤਾ ਗਿਆ।

## ਭੇਜਣ ਦੀ ਕ੍ਰਿਪਾਲਤਾ ਕਰੋ ਜੀ

| ਆਈਐਸਬੀਐਨ | ਟਾਈਟਲ/ਵਰਣਨ | ਯੂਨਿਟ ਦੀ ਕੀਮਤ | ਸੰਖਿਆ | ਕੁੱਲ ਕੀਮਤ |
|---|---|---|---|---|
| 07176 2431 5 | ਗਾਈਡ ਟੂ ਦੀ ਰੈਗੂਲੇਸ਼ਨਜ | £7.95 | | £ |
| 07176 1078 0 | ਕੌਂਬਾਈਨਡ ਪੈਡ ਔਫ ਐਫ2508 ਐਂਡ ਐਫ2508ਏ ਫੋਰਮਜ | £4.95*+ਵੀਏਟੀ | | £ |
| 07176 2441 2 | ਰਿਡੋਰ ਇਕਸਪਲੇਨਡ | £5.00** | | |
| 07176 1022 5 | ਗਾਈਡੈਂਸ ਫੋਰ ਰੇਲਵੇਅਜ, ਟ੍ਰਾਮਵੇਅਜ, ਟ੍ਰੌਲੀ ਵਹੀਕਲ ਸਿਸਟਮ ਐਂਡ ਅੱਦਰ ਗਾਈਡਿਡ ਟ੍ਰਾਂਸਪੋਰਟ ਸਿਸਟਮਜ ਔਨ ਰਿਡੋਰ 95 | £11.50 | | |
| ਕੁੱਲ | | £ | | |

*1-9 ਪ੍ਰਤੀ ਪੈਡ £4.95 + ਵੀਏਟੀ, 10 ਜਾਂ ਵੱਧ ਪ੍ਰਤੀ ਪੈਡ £4.50 + ਵੀਏਟੀ
**ਥੋਕ ਖ੍ਰੀਦਦਾਰੀ ਲਈ ਰਿਆਇਤ - 1 ਪ੍ਰਤੀ ਪੈਕ £5.00, 2-4 ਪ੍ਰਤੀ ਪੈਕ £4.00, 5-9 ਪ੍ਰਤੀ ਪੈਕ £3.00, 10-49 ਪ੍ਰਤੀ ਪੈਕ £2.00, 50+ ਪ੍ਰਤੀ ਪੈਕ £1.50

ਆਰਡਰ ਕਰਨ ਵਾਲਾ/ਵਾਲੀ

ਟਾਈਟਲ ਇਨਿਸ਼ੀਅਲ ਸਰਨੇਮ

ਜੌਬ ਟਾਈਟਲ

ਕੰਪਨੀ ਨੇਮ

ਡਲਿਵਰੀ ਅਡਰੈਸ

ਪੋਸਟ ਕੋਡ ਟੈਲੀਫੋਨ

ਈਮੇਲ ਅਲੱਰਟ ਸਰਵਿਸ
ਅਸੀਂ ਈਮੇਲ ਰਾਹੀਂ ਜਾਣਕਾਰੀ ਸੇਵਾ ਪੇਸ਼ ਕਰਦੇ ਹਾਂ। ਜੇ ਤੁਸੀਂ ਇਸ ਤਰੀਕੇ ਰਾਹੀਂ ਜਾਣਕਾਰੀ ਪ੍ਰਾਪਤ ਕਰਦੇ ਰਹਿਣਾ ਚਾਹੁੰਦੇ ਹੋ ਤਾਂ ਆਪਣਾ ਈਮੇਲ ਅਡਰੈਸ ਦੇ ਦੇਵੋ।

ਮੇਰਾ ਈਮੇਲ ਅਡਰੈਸ ਹੈ:

ਪੇਮਿੰਟ ਡੀਟੇਲਜ

ਚੈਕ/ਪੀ.ਓ* ਭੇਜਿਆ ਜਾ ਰਿਹਾ ਹੈ £ 'ਐਚਐਸਈ ਬੁੱਕਸ' ਦੇ ਨਾਮ ਲਿਖਿਆ ਹੋਇਆ।

ਜਾਂ ਇਹ ਰਕਮ ਮੇਰੇ ਮਾਸਟਰਕਾਰਡ/ਵੀਜ਼ਾ/ਅਮਰੀਕਨ ਐਕਸਪ੍ਰੈਸ* ਤੋਂ ਲੈ ਲਵੋ £

ਕਾਰਡ ਨੰਬਰ ਸਮਾਪਤੀ ਤਰੀਕ

ਕਾਰਡਹੋਲਡਰ ਦਾ ਨਾਮ

ਦਸਤਖਤ

ਜਾਂ ਚਾਰਜ ਕਰੋ ਮੇਰਾ ਐਚਐਸਈ ਬੁੱਕਸ ਅਕਾਊਂਟ ਨੰਬਰ.

ਮੇਰਾ ਰੈਫਰੈਂਸ

*ਜੋ ਉਚਿਤ ਨਹੀਂ ਮਿਟਾ ਦੇਵੋ

ਤੁਹਾਡੇ ਵਲੋਂ ਦਿੱਤੀ ਜਾਣ ਵਾਲੀ ਜਾਣਕਾਰੀ ਦੀ ਵਰਤੋਂ ਅਸੀਂ ਤੁਹਾਨੂੰ ਨਵੇਂ ਅਤੇ ਮੁੜ ਸੁਧਾਰੇ ਹੋਏ ਪ੍ਰਕਾਸ਼ਨਾ ਵਾਰੇ ਜਾਣੂੰ ਕਰਵਾਉਣ ਲਈ ਡਾਇਰੈਕਟ ਮਾਰਕਟਿੰਗ ਦੇ ਮਕਸਦ ਨਾਲ ਕਰ ਸਕਦੇ ਹਾਂ।
ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਨਾਮ ਇਸ ਤਰੀਕੇ ਨਾਲ ਨਾ ਵਰਤਿਆ ਜਾਵੇ ਤਾਂ ਇੱਥੇ ਟਿੱਕ ਲਗਾਵੋ

ਇਹ ਫਾਰਮ ਇਸ ਪਤੇ ਤੇ ਵਾਪਸ ਭੇਜੋ: HSE Books, PO Box 1999, Sudbury, Suffolk CO10 2WA
ਫੋਨ: 01787 881165 ਫੈਕਸ: 01787 313995

ਵੈਬਸਾਈਟ: www.hsebooks.co.uk

ਐਚਐਸਈ ਦੀਆਂ ਮੁੱਲ ਖ੍ਰੀਦੀਆਂ ਜਾਣ ਵਾਲੀਆਂ ਕਿਤਾਬਾਂ ਚੰਗੇ ਕਿਤਾਬਾਂ ਵੇਚਣ ਵਾਲਿਆਂ ਤੋਂ ਵੀ ਉਪਲੱਬਧ ਹਨ।

ਐਚਐਸਈ 31 (ਆਰਈਵੀ1)